# ਪੰਜਾਬੀਅਤ ਲਈ ਮਾਰ-ਸ਼ੋਰ ਪ੍ਰਦੂਸ਼ਣ

ਜਦੋਂ 3 ਜਨਵਰੀ 1998 ਦੀ ਸਵੇਰੇ ਅਖਬਾਰਾਂ ਦੀਆਂ ਸੁਰਖੀਆਂ ਬਣੀ ਇਹ ਖਬਰ ਕਿ ਦਿੱਲੀ ਸ਼ਹਿਰ ਵਿੱਚ 13 ਸਾਲ ਦੀ ਬੱਚੀ ਲਗਾਤਾਰ ਦਿਨ ਰਾਤ ਬਲਾਤਕਾਰ ਦਾ ਸ਼ਿਕਾਰ ਹੁੰਦੀ ਰਹੀ ਕਿਉਂਕਿ ਉਸ ਦੀ ਮੱਦਦ ਲਈ ਪੁਕਾਰ, ਉਸ ਦੀਆਂ ਚੀਕਾਂ, ਉਸ ਦੀਆਂ ਅਰਜੋਈਆਂ ਦੀ ਆਵਾਜ਼, ਪੜੋਸ ਦੇ ਧਾਰਮਿਕ ਸਮਾਜਿਕ ਵਿੱਚ ਉਚੀ ਆਵਾਜ ਵਿੱਚ ਵੱਜ ਰਹੇ ਇੱਕ ਲਾਊਡਸਪੀਕਰ ਦੇ ਸ਼ੋਰ ਵੀ ਕਾਰਣ ਕਿਸੇ ਨੂੰ ਨਾ ਸੁਣੀ ਅਤੇ ਉਸ ਬੱਚੀ ਨੇ ਇਸ ਕਾਲਖ਼ ਤੋਂ ਬਚਣ ਲਈ ਅੱਗ ਲਗਾ ਕੇ ਆਪਣੀ ਜੀਵਨ ਲੀਲਾ ਸਮਾਪਤ ਕਰ ਲਈ। ਇਸ ਘਟਨਾ ਨੇ ਸਮੁੱਚੇ ਸਮਾਜ ਨੂੰ ਅਜਿਹਾ ਝੰਜੋੜਿਆ ਕਿ ਇੰਜ . ਅਨਿਲ ਕੁਮਾਰ ਮਿੱਤਲ ਨੇ ਸੁਪਰੀਮ ਕੋਰਟ ਦਾ ਦਰਵਾਜਾ ਜਾ ਖੜਕਾਇਆ। ਸੁਪਰੀਮ ਕੋਰਟ ਦੇ ਫ਼ਾਜਿਲ ਜੱਜ ਸਾਹਿਬਾਨਾਂ ਨੇ ਇਸ ਨੂੰ ਘੋਰ ਅਪਰਾਧ ਮੰਨਦੇ ਹੋਏ ਸ਼ੋਰ ਪ੍ਰਦੂਸ਼ਣ ਬਾਰੇ ਇਹ ਰਿੱਟ ਨੰਬਰ 72/1998 ਦਾਖਲ ਕੀਤੀ ਜਿਸ ਵਿੱਚ ਕਿਹਾ ਗਿਆ ਸੀ ਕਿ ਧਾਰਮਿਕ ਅਸਥਾਨਾ ਖਾਸ ਕਰ ਮੰਦਰ, ਮਸਜ਼ਿਦਾਂ, ਗਿਰਜਾ-ਘਰਾਂ, ਗੁਰਦੁਆਰਿਆਂ ਅਤੇ ਹੋਰ ਅਜਿਹੀਆਂ ਥਾਂਵਾਂ ਤੇ ਲਾਊਡਸਪੀਕਰ ਦੀ ਵਰਤੋਂ ਤੇ ਪਾਬੰਦੀ ਲਗਾਈ ਜਾਵੇ। ਮੋਟਰ ਗੱਡੀਆਂ ਦੇ ਹਾਰਨਾਂ ਤੋਂ ਪੈਦਾ ਹੁੰਦਾ ਸ਼ੋਰ, ਆਟੋਮੋਬਾਇਲਾਂ ਦੇ ਪ੍ਰੈਸ਼ਰ ਹਾਰਨ, ਕਾਰਾਂ ਦੀ ਡੈਂਟਿੰਗ-ਪੇਂਟਿੰਗ ਆਦਿ ਤੋਂ ਰਿਹਾਇਸ਼ ਖੇਤਰ ਵਿੱਚ ਪੈਦਾ ਹੁੰਦਾ ਸ਼ੋਰ ਪਾਬੰਦੀਸੁਦਾ ਹੋਵੇ ਅਤੇ ਖੁਸ਼ੀ ਦੇ ਮੌਕੇ ਜਾਂ ਤਿਉਹਾਰਾਂ ਦੇ ਦਿਨਾਂ ਵਿੱਚ ਚਲਾਏ ਜਾਂਦੇ ਪਟਾਖਿਆਂ ਨੂੰ ਬੰਦ ਕੀਤਾ ਜਾਵੇ।

ਸੰਵਿਧਾਨ ਦੀ ਧਾਰਾ 21 ਵਿੱਚ ਸੱਪਸ਼ਟ ਦਰਜ ਹੈ ਕਿ ਦੇਸ਼ ਦੇ ਹਰੇਕ ਨਾਰਗਿਕ ਨੂੰ ਪੂਰੇ ਇੱਜਤ-ਮਾਣ, ਨਾਲ ਰਹਿਣ ਦਾ ਅਧਿਕਾਰ ਹੈ ਅਤੇ ਕਿਸੇ ਦੀ ਨਿੱਜੀ ਆਜਾਦੀ ਵਿੱਚ ਦਖਲ ਦੇਣ ਦਾ ਕਿਸੇ ਨੂੰ ਕੋਈ ਅਧਿਕਾਰ ਨਹੀਂ । ਪਰ ਇਸ ਗੱਲ ਦੀ ਕਿਸੇ ਨੂੰ ਖੁੱਲ ਨਹੀਂ ਕਿ ਉਹ ਆਪਣੇ ਘਰ ਜਾਂ ਨਿੱਜੀ ਖਿੱਤੇ ਵਿੱਚ ਇੰਨਾ ਸ਼ੋਰ ਕਰੇ ਜੋ ਉਸਦੇ ਨਿੱਜੀ ਖੇਤਰ ਤੋਂ ਬਾਹਰ ਨਿੱਕਲ ਕੇ ਪੜੋਸੀਆਂ ਨੂੰ ਤੰਗ ਕਰੇ। ਸ਼ਰਾਰਤੀ ਅਨਸਰ ਇਸ ਧਾਰਾ ਦੀ ਮਾਰ ਤੋਂ ਬਚਣ ਲਈ ਧਾਰਾ 19(1)ਏ ਦੀ ਢਾਲ ਲੈਂਦੇ ਹੋਏ ਬੋਲਣ ਅਤੇ ਕੁੱਝ ਵੀ ਕਹਿਣ ਦੀ ਸੰਵਿਧਾਨਕ ਆਜਾਦੀ ਦੀ ਦੁਹਾਈ ਪਾਉਂਦੇ ਹਨ। ਪਰ ਉਹਨਾ ਨੂੰ ਇਹ ਪਤਾ ਹੋਣਾ ਚਾਹੀਦਾ ਹੈ ਕਿ ਇਸ ਧਾਰਾ ਅਧੀਨ ਦਿੱਤੇ ਗਏ ਮੌਲਿਕ ਅਧਿਕਾਰ ਅਸੀਮ ਨਹੀਂ। ਜੇ ਕਿਸੇ ਨੂੰ ਬੋਲਣ ਦਾ ਅਧਿਕਾਰ ਹੈ ਤਾਂ ਦੂਜੇ ਨੂੰ ਵੀ ਸੁਣਨ ਜਾਂ ਨਾ ਸੁਣਨ ਦਾ ਅਧਿਕਾਰ ਹੈ। ਤੁਸੀਂ ਕਿਸੇ ਨੂੰ ਆਪਣੀ ਗੱਲ ਸੁਣਨ ਲਈ ਮਜਬੂਰ ਨਹੀਂ ਕਰ ਕਰ ਸਕਦੇ।

ਇਸੇ ਨੂੰ ਆਧਾਰ ਬਣਾ ਕੇ ਮਾਨਯੋਗ ਸੁਪਰੀਮ ਕੋਰਟ ਨੇ ਵੱਖ ਵੱਖ ਰਿੱਟਾਂ ਦਾ ਨਿਪਟਾਰਾ ਕਰਦੇ ਹੋਏ 18 ਜੁਲਾਈ 2005 ਨੂੰ ਸ਼ੋਰ ਪ੍ਰਦੂਸ਼ਣ ਦੇ ਵੱਖ ਵੱਖ ਪਹਿਲੂਆਂ ਅਤੇ ਇਸ ਨੂੰ ਰੋਕਣ ਲਈ ਖਾਸ ਦਿਸ਼ਾ ਨਿਰਦੇਸ਼ ਜਾਰੀ ਕੀਤੇ। ਕਿਉਂਕਿ ਭਾਰਤ ਤੇਜੀ ਨਾਲ ਵਿਕਾਸ਼ੀਲ ਦੇਸ਼ਾਂ ਦੀ ਸੂਚੀ ਵਿੱਚੋਂ ਨਿੱਕਲ ਕੇ ਵਿਕਸਿਤ ਦੇਸ਼ਾਂ ਦੀ ਸੂਚੀ ਵਿੱਚ ਜਲਦ ਸ਼ਾਮਿਲ ਹੋਣ ਜਾ ਰਿਹਾ ਹੈ, ਇਸ ਲਈ ਫ਼ਾਜ਼ਿਲ ਜੱਜ ਸਾਹਿਬਾਨਾਂ ਨੇ ਅਮਰੀਕਾ, ਇੰਗਲੈਂਡ, ਜਾਪਾਨ, ਚੀਨ, ਆਸਟ੍ਰੇਲੀਆ ਆਦਿ ਵਿਕਸਤ ਦੇਸ਼ਾਂ ਦੇ ਵੱਖ ਵੱਖ ਕਾਨੂੰਨਾਂ ਨੂੰ ਸ਼ੋਰ ਪ੍ਰਦੂਸ਼ਣ ਨੂੰ ਰੋਕਣ ਲਈ ਜਾਰੀ ਉਕਤ ਦਿਸ਼ਾ ਨਿਰਦੇਸ਼ਾ ਦਾ ਆਧਾਰ ਬਣਾਇਆ।

ਦਰਅਸਲ ਸ਼ੋਰ (Noise) ਲਾਤੀਨੀ ਸ਼ਬਦ (Nausea) ਤੋਂ ਉਪਜਿਆ ਉਹ ਅੱਖਰ ਹੈ ਜਿਸ ਦਾ ਮਤਲਬ ਹੈ ਅਣਚਾਹੀ ਆਵਾਜ ਜੋ ਮਨੁੱਖੀ ਸਿਹਤ ਲਈ ਨੁਕਸਾਨਦਾਇਕ ਹੈ। ਜੋ ਅਵਾਜ ਮਨੁੱਖੀ ਕੰਨ ਨੂੰ ਮਧੁਰ ਲੱਗੇ, ਮਿੱਠੀ ਲੱਗੇ, ਉਹ ਸੰਗੀਤ ਹੈ ਅਤੇ ਜੋ ਦੁਖਦਾਈ ਹੋਵੇ ਅਤੇ ਅਕਾਵੇ ਉਹ ਸ਼ੋਰ ਹੈ। ਕਿਸੇ ਲਈ ਇੱਕ ਅਵਾਜ ਸੰਗੀਤ ਅਤੇ ਦੂਜੇ ਲਈ ਸ਼ੋਰ ਹੋ ਸਕਦੀ ਹੈ, ਇਹ ਸਭ ਸੁਣਨ ਵਾਲੇ ਤੇ ਨਿਰਭਰ ਕਰਦਾ ਹੈ। ਮਨੁੱਖੀ ਵਿਕਾਸ ਦੀ ਇਹ ਅਟੱਲ ਸਚਾਈ ਹੈ ਕਿ ਮਨੁੱਖ ਨੂੰ ਪਸੂ ਬਿਰਤੀ ਤੋਂ ਨਿਜਾਤ ਉਸ ਦੀ ਆਵਾਜ਼ ਦੇ ਦਿਵਾਈ। ਆਵਾਜ ਦੁਆਰਾ ਭਾਵਨਾਵਾਂ ਦਾ ਪ੍ਰਗਟਾਅ ਅਤੇ ਉਪਰੰਤ ਦਿਮਾਗ ਦੇ ਨਿਰੰਤਰ ਵਿਕਾਸ ਨੇ ਆਵਾਜਾਂ ਨੂੰ ਸੰਗੀਤਕ ਰੂਪ ਵਿੱਚ ਬੰਨਣ ਦੀ ਕਲਾ ਨੇ ਮਨੁੱਖ ਨੂੰ ਇਨਸਾਨ ਬਣਾਇਆ, ਬੋਲੀ ਦੇ ਵਿਕਾਸ ਨੇ ਸੋਨੇ ਤੇ ਸੁਹਾਗੇ ਦਾ ਕੰਮ ਕੀਤਾ ਅਤੇ ਮਿਹਨਤ-ਮੁਸ਼ਕੱਤ ਤੋਂ ਅੱਕੇ ਥੱਕੇ ਮਨੁੱਖ ਨੇ ਸੰਗੀਤ ਨੂੰ ਆਪਣੇ ਮਨ-ਪ੍ਰਚਾਉਣ ਦਾ ਸਾਧਨ ਬਣਾਇਆ। ਖਾਸ ਧੁਨਾਂ ਵਿੱਚ ਬੱਝੀਆਂ ਅਤੇ ਅੱਖਰਾਂ ਦੇ ਹੇਰ-ਫੇਰ ਨਾਲ ਸਿਰਜੀਆਂ ਸੱਤਰਾਂ ਉਸ ਨੂੰ ਮਾਨਸਿਕ ਰਾਹਤ ਦਿੰਦੀਆਂ । ਇਹੋ ਕਾਰਨ ਹੈ ਰਿਸ਼ੀਆਂ, ਮੁਨੀਆਂ, ਪੀਰਾਂ, ਪੈਗੰਬਰਾਂ ਅਤੇ ਸੂਫ਼ੀਆਂ ਦੀ ਇਸ ਧਰਤੀ ਪੰਜਾਬ ਤੇ ਲਿਖੇ ਗਏ ਵੇਦ, ਪੁਰਾਣ, ਸਮ੍ਰਿਤੀਆਂ, ਗ੍ਰੰਥ ਅਤੇ ਹੋਰ ਸਾਹਿਤ ਸੰਗੀਤਮਈ ਲਹਿਜੇ ਵਿੱਚ ਸਿਰਜੇ ਗਏ ਤਾਂ ਜੋ ਸਿਮਰਨ ਦੇ ਨਾਲ ਨਾਲ ਮਾਨਸਿਕ ਸ਼ਾਂਤੀ ਵੀ ਮਿਲਦੀ ਰਹੇ। ਆਵਾਜ ਬਿਨਾ ਜਿੰਦਗੀ ਅਧੂਰੀ ਹੈ ਇਸੇ ਕਾਰਨ ਸੰਗੀਤ ਇੱਕ ਖਾਸ ਡੈਸੀਲਬ ਤੱਕ ਦੀ ਆਵਾਜ ਹੈ ਜੋ ਕੰਨਾਂ ਨੂੰ ਪਿਆਰੀ ਲੱਗਦੀ ਹੈ ਅਤੇ ਮਨੁੱਖੀ ਦਿਮਾਗ ਨੂੰ ਨੂੰ ਇੱਕ ਖਾਸ ਸਕੂਨ ਮਿਲਦਾ ਹੈ। ਕੁਦਰਤ ਦੁਆਰਾ ਸਿਰਜੇ ਸਾਜ਼, ਰੁੱਖਾਂ ਦੇ ਪੱਤਿਆਂ ਦੀ ਖੜ-ਖੜ, ਪੰਛੀਆਂ ਦਾ ਚਹਿਕਣਾ, ਸਮੁੰਦਰੀ ਲਹਿਰਾਂ, ਨਦੀਆਂ ਦੀ ਸਾਂਅ-ਸਾਂਅ ਆਦਿ ਅਚੇਤ ਮਨੁੱਖੀ ਮਨ ਦਾ ਹਿੱਸਾ ਬਣ ਗਈਆਂ ਹਨ ਜਿਸ ਨੂੰ ਮਨੁੱਖ ਸਦੀਆਂ ਤੋਂ ਮਾਣਦਾ ਆ ਰਿਹਾ ਹੈ। ਗੁਰੂ ਅਰਜਨ ਦੇਵ ਜੀ ਦੁਆਰਾ ਸੰਪਾਦਤ ਗੁਰੂਆਂ, ਪੀਰਾਂ, ਪੈਗਬੰਰਾਂ ਦੇ ਸਮਾਜਿਕ ਬਰਾਬਰੀ ਦੇ ਫ਼ਲਸਫ਼ੇ ਤੇ ਆਧਾਰਤ ਅਤੇ ਸਮੁੱਚੀ ਮਨੁੱਖਤਾ ਦੀ ਜੋਤ '**ਸ੍ਰੀ**

**ਗੁਰੂ ਗ੍ਰੰਥ ਸਾਹਿਬ"** ਦੀ ਸਾਰੀ ਬਾਣੀ ਰਾਗਾਂ ਤੇ ਆਧਾਰਤ ਹੈ। ਪਰ ਅੱਜ ਮਨੁੱਖੀ ਮਾਨਸਿਕਤਾ ਸੰਗੀਤ ਤੋਂ ਸ਼ੋਰ ਵੱਲ ਨੂੰ ਜਾਂਦੀ ਪ੍ਰਤੀਤ ਹੁੰਦੀ ਹੈ। ਆਰਥਿਕ ਵਿਕਾਸ ਅਤੇ ਉਦਯੋਗੀਕਰਨ ਨੇ ਅਜਿਹੀਆਂ ਤੇਜ ਆਵਾਜਾਂ ਪੈਦਾ ਕੀਤੀਆਂ ਕਿ ਸੰਗੀਤ ਦੀਆਂ ਮੱਧਮ ਸੁਰਾਂ ਇਸ ਸ਼ੋਰ ਵਿੱਚ ਵਿਲੀਨ ਹੋ ਗਈਆਂ ਜਾਪਦੀਆਂ ਹਨ। ਬੇਸ਼ਕ ਮਨੁੱਖ ਨੇ ਸ਼ੋਰ ਨੂੰ ਆਪਣੀ ਜਿੰਦਗੀ ਦਾ ਇੱਕ ਹਿੱਸਾ ਮੰਨ ਕੇ ਇਸ ਬਾਰੇ ਸੋਚਣਾ ਛੱਡ ਦਿੱਤਾ ਹੈ ਪਰ ਉਹ ਆਪਣੇ ਕੰਨ ਤਾਂ ਬੰਦ ਨਹੀਂ ਕਰ ਸਕਦਾ ਜਿਸ ਕਾਰਨ ਮਨੁੱਖ ਹਰ ਵਕਤ, ਦਿਨ-ਰਾਤ, ਜਾਗਦੇ-ਸੌਂਦੇ ਸ਼ੋਰ ਦੇ ਮਾਰੂ ਪ੍ਰਭਾਵ ਹੇਠ ਹੋਣ ਕਰਕੇ ਕਈ ਸਰੀਰਕ ਅਤੇ ਮਾਨਸਿਕ ਸਮੱਸਿਆਵਾਂ ਦਾ ਸ਼ਿਕਾਰ ਹੁੰਦਾ ਜਾ ਰਿਹਾ ਹੈ।

ਲਗਾਤਾਰ ਉਚੇ ਸ਼ੋਰ ਵਿੱਚ ਰਹਿਣ ਨਾਲ ਜਿੱਥੇ ਸੁਣਨ ਸ਼ਕਤੀ ਘਟਦੀ ਹੈ ਉਥੇ ਉਠਦੇ-ਬੈਠਦੇ, ਸੌਂਦੇ-ਜਾਗਦੇ ਕੰਨਾਂ ਵਿਚੋਂ ਸਾਂਅ-ਸਾਂਅ ਦੀਆਂ ਆਵਾਜਾਂ ਆਪ ਮੁਹਾਰੇ ਹੀ ਆਉਣ ਲੱਗਦੀਆਂ ਹਨ। ਇੰਜ ਲੱਗਦਾ ਹੈ ਜਿਵੇਂ ਮਨੁੱਖ ਸਮੇਂ ਤੋਂ ਪਹਿਲਾਂ ਬੁੱਢਾ ਹੋ ਰਿਹਾ ਹੋਵੇ ਕਿਉਂਕਿ ਇਹ ਬੀਮਾਰੀਆਂ ਕਿਸੇ ਸਮੇਂ 80-90 ਸਾਲ ਤੇ ਬਜੁਰਗ ਦੇ ਹਿੱਸੇ ਆਉਂਦੀਆਂ ਸਨ। ਇੱਕ ਸਮਾਂ ਸੀ ਜਦੋਂ ਰਾਤ ਇੰਨੀ ਸ਼ਾਂਤ ਹੁੰਦੀ ਸੀ ਕਿ ਮਨੁੱਖ ਥੋੜੀ ਜਿਹੀ ਪੈੜ-ਚਾਲ ਨਾਲ ਹੀ ਜਾਗ ਜਾਦਾ ਸੀ ਪਰ ਅੱਜ ਨਾਲ ਪਏ ਜੀਵਨ ਸਾਥੀ ਦੇ ਤੇਜ ਘੁਰਾੜਿਆਂ ਦੀ ਆਵਾਜ ਵੀ ਸੁਣਾਈ ਨਹੀਂ ਦਿੰਦੀ ਕਿਉਕਿ ਸਾਡੀਆਂ ਸੁਣਨ ਵਾਲੀਆਂ ਇੰਦਰੀਆਂ ਦੇ ਤੰਤੂ ਕਮਜੋਰ ਹੁੰਦੇ ਜਾ ਰਹੇ ਹਨ। ਮਨੁੱਖ ਦੀ ਕਾਮੁਕ ਪ੍ਰਵਿਰਤੀ ਸ਼ੋਰ ਕਾਰਨ ਘੱਟ ਰਹੀ ਹੈ। ਸੈਕਸ ਇਕਾਂਤ ਅਤੇ ਸ਼ਾਂਤ ਵਾਤਾਵਰਣ ਦੀ ਮੰਗ ਕਰਦਾ ਹੈ। ਅਜਿਹੇ ਮੌਕੇ ਹੋਇਆ ਅਚਾਨਕ ਅਤੇ ਅਚਨਚੇਤ ਸ਼ੋਰ ਕਈ ਵਾਰ ਨਿਪੁੰਸਕਤਾ ਪੈਦਾ ਕਰਦਾ ਹੈ। ਸ਼ੋਰ ਤੋਂ ਪੈਦਾ ਹੋਈ ਇਹ ਨਿਪੁੰਸਕਤਾ ਕਈ ਪ੍ਰੀਵਾਰਾਂ ਦੀ ਨੀਂਦ ਹਰਾਮ ਕਰ ਪ੍ਰੀਵਾਰ ਤੋੜ ਚੁੱਕੀ ਹੈ। ਸ਼ੋਰ ਜਿੱਥੇ ਆਪਸੀ ਗੱਲ ਬਾਤ ਵਿੱਚ ਅੜਿੱਕਾ ਬਣਦਾ ਹੈ ਉਥੇ ਨੀਂਦ ਦੀ ਘਾਟ, ਕੰਮ ਕਰਨ ਦੀ ਸਮੱਰਥਾ ਨੂੰ ਘਟਾਉਣਾ, ਦਿਮਾਗੀ ਚੇਤਨਤਾ ਘਟਾਉਣ, ਸੂਚਨਾ ਇੱਕਠੀ ਕਰਨ ਦੀ ਸਮਰੱਥਾ ਨੂੰ ਘਟਾਉਣ ਅਤੇ ਚੌਕਸੀ ਘਟਾਉਣ ਵਿੱਚ ਅਹਿਮ ਰੋਲ ਅਦਾ ਕਰ ਰਿਹਾ ਹੈ। ਵੱਖ ਵੱਖ ਕਾਰਣਾਂ, ਖਾਸ ਕਰ ਟ੍ਰੈਫਿਕ, ਜਹਾਜਾਂ, ਰੇਲਾਂ, ਉਦਯੋਗਾਂ, ਇਮਾਰਤਾਂ, ਇਮਾਰਤਸਾਜ਼ੀ ਅਤੇ ਘਰੇਲੂ ਉਪਕਰਣਾਂ ਤੋਂ ਪੈਦਾ ਹੋਇਆ ਸ਼ੋਰ ਮਨੁੱਖ ਨੂੰ ਮਾਨਸਿਕ ਅਤੇ ਮੈਡੀਕਲ ਦ੍ਰਿਸ਼ਟੀ ਤੋਂ ਬੀਮਾਰ ਕਰ ਰਿਹਾ ਹੈ।

ਇਹ ਸ਼ੋਰ ਉਂਗਲਾਂ ਦੇ ਪੋਟਿਆ, ਚਮੜੀ ਅਤੇ ਪੇਟ ਦੇ ਵੱਖ ਵੱਖ ਹਿਸਿਆਂ ਨੂੰ ਜਾਂਦੀਆਂ ਖੂਨ ਦੀਆਂ ਨਾੜੀਆਂ ਨੂੰ ਸੁੰਗੋੜਦੇ ਹੋਏ ਇਹਨਾ ਹਿੱਸਿਆਂ ਨੂੰ ਜਾਂਦੀ ਖੂਨ ਦੀ ਸਪਲਾਈ ਘਟਾਉਂਦਾ ਹੈ ਜਿਸ ਕਾਰਨ ਚਮੜੀ ਦੇ ਰੋਗ, ਅਲਸਰ, ਆਂਤੜੀ ਰੋਗ, ਹੱਡੀਆਂ ਦੀਆਂ ਮਾਸ-ਪੇਸ਼ੀਆਂ ਦੇ ਰੋਗ ਲੱਗਣੇ ਸੁਰੂ ਹੋ ਗਏ ਹਨ। ਚਿੜਚਿੜਾਪਣ, ਖੂਨ ਵਿੱਚ ਸੂਗਰ, ਕਲੈਸਟਰੋਲ ਅਤੇ ਐਡਰੀਨੇਲੀਨ ਦਾ ਵਧਣਾ, ਦਿਲ ਦੀ ਧੜਕਣ ਦਾ ਵਧਣਾ, ਖੂਨ ਦੇ ਦਬਾਅ ਦਾ ਵਧਣਾ ਅਤੇ ਇੱਥੇ ਤੱਕ ਕਿ ਉਤੇਜਕ ਰਸ ਪੈਦਾ ਕਰਨ ਵਾਲੀਆਂ ਗ੍ਰੰਥੀਆਂ ਤੋਂ ਉਤੇਜਕ ਰਸ ਦੀ ਮਾਤਰਾ ਜਰੂਰਤ ਤੋਂ ਵਧਣ ਨਾਲ ਜੋ ਬੀਮਾਰੀਆਂ ਪੈਦਾ ਹੋ ਰਹੀਆਂ ਹਨ ਉਹ ਅਜੇ ਸਾਡੀ ਸੋਚ ਦਾ ਹਿੱਸਾ ਨਹੀਂ ਬਣੀਆਂ। ਲਗਾਤਾਰ ਸ਼ੋਰ ਵਿੱਚ ਰਹਿਣ ਕਾਰਨ ਦਿਮਾਗ ਨੂੰ ਖੂਨ ਲਿਜਾ ਰਹੀਆਂ ਨਾੜੀਆਂ ਫੁੱਲ ਜਾਣ ਕਾਰਨ ਖੂਨ ਘਟ ਜਾਂਦਾ ਹੈ ਜਿਸ ਕਾਰਨ ਸਿਰ ਦਰਦ ਕਰਨ ਲੱਗਦਾ ਹੈ। ਇੱਥੋਂ ਤੱਕ ਕਿ ਗਰਭ ਵਿੱਚ ਪਲ ਰਿਹਾ ਬੱਚਾ ਵੀ ਇਸ ਸ਼ੋਰ ਦੀ ਮਾਰ ਤੋਂ ਨਹੀਂ ਬਚ ਰਿਹਾ ਅਤੇ ਬੱਚਿਆਂ ਵਿੱਚ ਜਨਮ ਮੌਕੇ ਅਨੇਕਾਂ ਤਰਾਂ ਦੇ ਕੱਜ ਦੇਖਣ ਨੂੰ ਮਿਲਦੇ ਹਨ।

ਪੰਜਾਬ ਜਿਸ ਦਾ ਕੁੱਲ ਰਕਬਾ 50362 ਮੁਰੱਬਾ ਕਿਲੋਮੀਟਰ ਹੈ, ਦੇਸ਼ ਦੇ ਭੂਗੋਲਿਕ ਹਿੱਸੇ ਦਾ ਸਿਰਫ਼ 1.53% ਹਿੱਸਾ ਹੋਣ ਕਾਰਨ ਚੌਥਾ ਸਭ ਤੋਂ ਛੋਟਾ ਸੂਬਾ ਹੈ, ਜਿਸ ਦੀ ਕੁੱਲ ਆਬਾਦੀ 243.59 ਲੱਖ ਹੈ। ਇਸ ਆਬਾਦੀ ਦਾ 60.08% ਹਿੱਸਾ 12278 ਪਿੰਡਾਂ ਵਿੱਚ ਵਸ ਰਿਹਾ ਹੈ। ਇੰਨੀ ਆਬਾਦੀ ਦਾ ਬੋਝ ਇੰਨੇ ਛੋਟੇ ਖਿੱਤੇ ਤੇ ਪੈਣ ਕਾਰਣ ਆਬਾਦੀ ਦੀ ਘਣਤਾ 484 ਮਨੁੱਖ ਪ੍ਰਤੀ ਮੁਰੱਬਾ ਕਿਲੋਮੀਟਰ ਤੱਕ ਪਹੁੰਚ ਗਈ ਹੈ। ਆਰਥਿਕ ਤਰੱਕੀ ਦੀ ਬੁਲੰਦੀਆਂ ਨੂੰ ਛੋਹ ਮੁੜ ਪਿੱਛੇ ਮੁੜੇ ਇਸ ਪੰਜਾਬ ਦੀਆਂ ਸੜਕਾਂ ਤੇ ਅੱਜ 40,35,164 ਰਜਿਸਟਰਡ ਵਾਹਨ ਚੱਲ ਰਹੇ ਹਨ। ਇਸ ਭੀੜ-ਭੜੱਕੇ ਅਤੇ ਗੱਡੀਆਂ ਦੇ ਜਮਘੱਟੇ ਵਿੱਚ ਸਮੁੱਚਾ ਪੰਜਾਬੀ ਭਾਈਚਾਰਾ ਸ਼ੋਰ ਪ੍ਰਦੂਸ਼ਣ ਦੀ ਮਾਰ ਦਿਨ ਰਾਤ ਝੱਲ ਰਿਹਾ ਹੈ। ਗਿੱਧਾ,ਭੰਗੜਾ, ਬੋਲੀਆਂ, ਟੱਪੇ, ਸਿਠਣੀਆਂ, ਸੁਹਾਗ, ਘੋੜੀਆਂ, ਕਿੱਸੇ, ਢਾਡੀ, ਗਜ਼ਲਾਂ, ਗੀਤ, ਕਵਾਲੀਆਂ ਅਤੇ ਸੂਫੀ ਕਲਾਮ ਇਸ ਸ਼ੋਰ ਪ੍ਰਦੂਸ਼ਣ ਦੀ ਬਲੀ ਚੜ ਚੁੱਕੇ ਹਨ। ਸ਼ੋਰ-ਪ੍ਰਦੂਸ਼ਣ ਨੂੰ ਕਾਬੂ ਕਰਨ ਅਤੇ ਨਿਯਮਬੱਧ ਕਰਨ ਲਈ ਸਰਕਾਰਾਂ ਦੁਆਰਾ ਕੋਈ ਉਚੇਚਾ ਅਤੇ ਠੋਸ ਕਦਮ ਅੱਜ ਵੀ ਚੁੱਕਿਆ ਦਿਖਾਈ ਨਹੀਂ ਦੇ ਰਿਹਾ, ਜਿਸ ਦਾ ਵੱਡਾ ਕਾਰਨ ਅਫ਼ਸਰਸ਼ਾਹੀ ਦੇ ਅੜਿੱਕੇ, ਮਜ਼ਬੂਤ ਇਰਾਦਿਆਂ ਦੀ ਘਾਟ, ਸਿਆਸੀ ਦੀਵਾਲੀਆਪਣ ਅਤੇ ਲੋਕਾਂ ਵਿੱਚ ਸ਼ੋਰ ਪ੍ਰਦੂਸ਼ਣ ਦੇ ਮਾੜੇ ਪ੍ਰਭਾਵਾਂ ਪ੍ਰਤੀ ਜਾਗ੍ਰਤੀ ਦੀ ਘਾਟ ਹੈ ਕਿਉਕਿ ਲੋਕਾਂ ਨੇ ਸ਼ੋਰ ਨੂੰ ਖੁਸ਼ਹਾਲੀ ਅਤੇ ਤਰੱਕੀ ਦੀ ਨਿਸ਼ਾਨੀ ਦੇ ਤੌਰ ਤੇ ਸਵੀਕਾਰ ਕਰਿਆ ਹੋਇਆ ਹੈ।

ਪਰ ਇਸ ਮਿੱਠੇ ਜ਼ਹਿਰ ਦੇ ਕੌੜੇ ਸਿੱਟਿਆਂ ਤੋਂ ਬਚਣ ਲਈ ਮਾਨਯੋਗ ਸੁਪਰੀਮ ਕੋਰਟ ਨੇ ਕਿਹਾ ਹੈ ਕਿ :-

- ਕਿਸੇ ਵੀ ਪਬਲਿਕ ਜਗਾ ਤੇ ਜਿੱਥੇ ਸ਼ੋਰ ਪ੍ਰਦੂਸ਼ਣ ਪੈਦਾ ਕਰਨ ਵਾਲੇ ਉਪਕਰਣ ਲੱਗੇ ਹੋਏ ਹੋਣ, ਉਸ ਦਾ ਸ਼ੋਰ, ਬਾਹਰ ਦੇ ਆਮ ਸ਼ੋਰ ਤੋਂ 10 ਡੈਸੀਬਲ ਤੱਕ

ਜ਼ਿਆਦਾ ਹੋ ਸਕਦਾ ਹੈ ਜਾ ਫਿਰ ਇਹ ਸ਼ੋਰ ਕਿਸੇ ਤਰਾਂ ਵੀ 75 ਡੈਸੀਬਲ ਤੋਂ ਵੱਧ ਨਾ ਹੋਵੇ।

- ਸੰਕਟ ਦੀ ਸਥਿਤੀ ਨੂੰ ਛੱਡ ਰਾਤ 10 ਵਜੇ ਤੋਂ ਸਵੇਰੇ 6 ਵਜੇ ਤੱਕ ਕਿਸੇ ਵੀ ਕਿਸਮ ਦਾ ਸ਼ੋਰ ਪਾਬੰਦੀਸ਼ੁਦਾ ਹੈ।
- ਪ੍ਰਾਈਵੇਟ ਜਗਾ ਵਿੱਚ ਕਿਸੇ ਦੁਆਰਾ ਪੈਦਾ ਕੀਤਾ ਸ਼ੋਰ ਬਾਹਰ ਆਮ ਸ਼ੋਰ ਤੋਂ ਸਿਰਫ਼ ਡੈਸੀਬਲ ਤੱਕ ਜ਼ਿਆਦਾ ਹੋ ਸਕਦਾ ਹੈ।
- ਰਾਤ 10 ਤੋਂ ਸਵੇਰੇ 6.00 ਵਜੇ ਤੱਕ ਕਿਸੇ ਤਰਾਂ ਦਾ ਹਾਰਨ, ਪ੍ਰੈਸ਼ਰ ਹਾਰਨ ਅਤੇ ਹੋਰ ਕੋਈ ਵੀ ਸ਼ੋਰ ਪਾਬੰਦੀਸ਼ੁਦਾ ਹੈ।

ਜੇ ਮਾਨਯੋਗ ਸੁਪਰੀਮ ਕੋਰਟ ਇਸ ਸ਼ੋਰ ਦੇ ਮਾੜੇ ਪ੍ਰਭਾਵਾਂ ਤੋਂ ਬਚਾਉਣ ਲਈ ਸੰਜੀਦਾ ਹੈ ਤਾਂ ਪੰਜਾਬ ਸਰਕਾਰ ਨੂੰ ਵੀ ਇਸ ਦਿਸ਼ਾ ਵਿੱਚ ਪਹਿਲਕਦਮੀ ਕਰਦੇ ਹੋਏ ਲੋਕਾਂ ਨੂੰ ਇਸ ਤੋਂ ਸੁਚੇਤ ਕਰਨ ਲਈ ਚੇਤਨਤਾ ਲਹਿਰ ਚਲਾਉਣੀ ਚਾਹੀਦੀ ਹੈ। ਸਕੂਲਾਂ, ਕਾਲਜਾਂ ਵਿੱਚ ਪੜਾਏ ਜਾ ਰਹੇ ਵਾਤਾਵਰਣ ਦੇ ਵਿਸ਼ੇ ਵਿੱਚ ਸ਼ੋਰ-ਪ੍ਰਦੂਸ਼ਣ ਦਾ ਪਾਠ ਜਰੂਰ ਹੋਵੇ। ਵਿਦਿਅਕ ਸਥਾਨਾ ਵਿੱਚ ਸੈਮੀਨਾਰਾਂ, ਗੋਸ਼ਟੀਆਂ ਅਤੇ ਹੋਰ ਮਾਧਿਅਮਾਂ ਰਾਂਹੀ ਸ਼ੋਰ ਪ੍ਰਦੂਸ਼ਣ ਦੇ ਪ੍ਰਭਾਵਾਂ ਤੋਂ ਬਚਣ ਲਈ ਨੌਜਵਾਨਾਂ ਨੂੰ ਸੁਚੇਤ ਕਰਕੇ ਇੱਕ ਲਹਿਰ ਉਸਾਰੀ ਜਾਵੇ ਤਾਂ ਜੋ ਅਫ਼ਸਰਸ਼ਾਹੀ, ਸਿਆਸੀ ਲੋਕ ਅਤੇ ਸਿਵਲ-ਪ੍ਰਸ਼ਾਸ਼ਨ ਇਸ ਦਿਸ਼ਾ ਵਿੱਚ ਕਾਰਜਸ਼ੀਲ ਹੋਣ। ਕਲੋਨੀਆਂ ਦੀਆਂ ਐਸੋਸ਼ੀਏਸ਼ਨਾਂ, ਗੈਰਸਰਕਾਰੀ-ਸੰਸਥਾਵਾਂ, ਵਾਤਾਵਰਣ ਪ੍ਰੇਮੀਆਂ ਨੂੰ ਕਾਰਜਸ਼ੀਲ ਕਰਦੇ ਹੋਏ ਸਥਾਨਕ-ਪ੍ਰਬੰਧ ਅਤੇ ਪ੍ਰਸ਼ਾਸ਼ਨ ਦਾ ਹਿੱਸਾ ਬਣਾਇਆ ਜਾਵੇ। ਸਰਕਾਰ ਇਹ ਕਾਨੂੰਨ ਬਣਾਏ ਕਿ ਸਥਾਨਕ ਪ੍ਰਸ਼ਾਸ਼ਨ ਸ਼ੋਰ-ਪ੍ਰਦੂਸ਼ਣ ਪੈਦਾ ਕਰਨ ਵਾਲੇ ਯੰਤਰਾਂ ਨੂੰ ਜਬਤ ਕਰਕੇ ਇਸ ਦੇ ਮਾਲਕਾ ਜਾਂ ਜਿਸ ਜਗਾ ਇਹ ਚੱਲ ਰਹੇ ਹਨ ਉਸ ਦੇ ਮਾਲਕਾਂ ਨੂੰ ਜੁਰਮਾਨਾ ਅਤੇ ਹੋਰ ਸਜਾ ਦੇ ਸਕਣ।

ਪੰਜਾਬ ਨੂੰ ਸ਼ੋਰ ਪ੍ਰਦੂਸ਼ਣ ਦੀ ਮਾਰ ਤੋਂ ਬਚਾਉਣ ਲਈ ਇੱਕ ਵੱਡੇ ਹੰਭਲੇ ਦੀ ਲੋੜ ਹੈ, ਨਹੀਂ ਤਾਂ ਸੰਗੀਤਮਈ ਧੁਨਾਂ ਦਾ ਬੋਲੇ ਕੰਨਾ ਤੇ ਕੋਈ ਅਸਰ ਨਹੀਂ ਹੋਵੇਗਾ। ਮਨੁੱਖ ਪਸੂ ਪ੍ਰਵਿਰਤੀ ਵਲ ਮੁੜ ਰਿਹਾ ਮਹਿਸੂਸ ਹੋਵੇਗਾ। ਮੱਝ ਅੱਗੇ ਬੀਨ ਬਜਾਉਣ ਵਾਲੀ ਕਹਾਵਤ ਮਨੁੱਖ ਤੇ ਲਾਗੂ ਹੋ ਰਹੀ ਹੋਵੇਗੀ। ਪਰ ਸੂਝਵਾਨ ਦੋਸਤ, ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਨੂੰ ਇਸ ਦੀ ਨੂੰ ਮਾਰ ਤੋਂ ਬਚਾਉਣ ਲਈ ਹਰ ਵਕਤ ਆਪਣੀ ਆਵਾਜ਼ ਉਠਾਉਂਦੇ ਰਹਿਣਗੇ ਕਿ:-

ਏਕ ਤਰਜ਼ੇ ਤਗਾਲਫ਼ ਹੈ
ਸੋ ਉਨਕੋ ਮੁਬਾਰਿਕ
ਏਕ ਅਰਜ਼ੇ ਤਮੰਨਾ ਹੈ
ਸੋ ਹਮ ਕਰਤੇ ਰਹੇਂਗੇ

-ਫੈਜ਼

ਡਾ ਚਰਨਜੀਤ ਸਿੰਘ 'ਨਾਭਾ'
ਸਹਾਇਕ ਵਿਗਿਆਨਕ ਅਫਸਰ
ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ,
ਪਟਿਆਲਾ।
98146-42026, 98789-50571
charanjit_nabha2005@yahoo.co.in